


Scanned with CamScanner




Scanned with CamScanner

ਕਰਮਜੀਤ ਕੌਰ

ਫੋਨ ਨੰ : 0175-2214469, 2221568 (ਦਫ਼ਤਰ)
ਫੈਕਸ ਨੰ : 91-175-2214469

ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ,
ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ,
ਪਟਿਆਲਾ।

ਅ.ਸ.ਪੱਤਰ ਨੰ: 8739-8747
ਮਿਤੀ ਪਟਿਆਲਾ : 24-11-੨੦੨੦

ਵਿਸ਼ਾ:- ਪੰਜਾਬੀ ਦੇ ਸਰਵੋਤਮ ਪੁਸਤਕ ਪੁਰਸਕਾਰ ਸਬੰਧੀ ।

.........

ਸਤਿਕਾਰਯੋਗ ਸ੍ਰੀ. ਜਗਦੀਪ ਸਿੰਘ ਨਰਵਾਣਵੀ

ਮੈਂ ਆਪ ਨਾਲ ਇਹ ਖ਼ੁਸ਼ੀ ਸਾਂਝੀ ਕਰਨ ਦਾ ਮਾਣ ਲੈ ਰਹੀ ਹਾਂ ਕਿ ਆਪ ਦੀ ਪੁਸਤਕ ਨੂੰ ਭਾਸ਼ਾ ਵਿਭਾਗ ਵੱਲੋਂ 21,000/- ਰੁਪਏ ਦਾ ਸਰਵੋਤਮ ਸਾਹਿਤਕ ਪੁਸਤਕ *ਪੁਰਸਕਾਰ-2010* ਦੇਣ ਸਬੰਧੀ ਸੂਚਨਾ ਆਪ ਜੀ ਨੂੰ ਪਹਿਲਾਂ ਹੀ ਭੇਜੀ ਹੋਈ ਹੈ।

ਇਹ ਸਨਮਾਨ ਆਪ ਨੂੰ ਵਿਭਾਗ ਵੱਲੋਂ ਮਿਤੀ *27 ਨਵੰਬਰ, 2020 ਦਿਨ ਸ਼ੁੱਕਰਵਾਰ* ਨੂੰ ਸਵੇਰੇ 10.30 ਵਜੇ *ਭਾਸ਼ਾ ਵਿਭਾਗ, ਪੰਜਾਬ, ਸ਼ੇਰਾਂ ਵਾਲਾ ਗੇਟ, ਪਟਿਆਲਾ* ਵਿਖੇ ਕਰਵਾਏ ਜਾ ਰਹੇ *'ਪੰਜਾਬੀ ਸਪਤਾਹ-2020* ਦੇ *'ਇਨਾਮੀ ਸਮਾਗਮ'* ਮੌਕੇ *ਮਹਾਰਾਣੀ ਪ੍ਰਨੀਤ ਕੌਰ, ਮਾਣਯੋਗ ਮੈਂਬਰ ਲੋਕ ਸਭਾ, ਪਟਿਆਲਾ* ਅਤੇ *ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਮਾਣਯੋਗ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਜੀ* ਦੇ ਕਰ-ਕਮਲਾਂ ਨਾਲ ਅਦਾ ਕੀਤੇ ਜਾਣਗੇ। ਆਸ ਹੈ ਤੁਸੀਂ ਇਸ ਸਮਾਗਮ ਵਿਚ ਸ਼ਾਮਲ ਹੋਣ ਦੀ ਖੇਚਲ ਕਰੋਗੇ।

ਇਸ ਸ਼ੁਭ ਮੌਕੇ ਤੇ ਮੇਰੇ ਵੱਲੋਂ ਹਾਰਦਿਕ ਵਧਾਈ ਕਬੂਲ ਕਰਨੀ।

ਹਿਤੂ,

(ਕਰਮਜੀਤ ਕੌਰ)

ਸ. ਜਗਦੀਪ ਸਿੰਘ ਨਰਵਾਣਵੀ
ਪਿੰਡ ਨਰਵਾਣਾ, ਡਾ. ਤੇ ਥ.
ਜ਼ਿਲ੍ਹਾ ਮਾਨਸਾ



Scanned with CamScanner

ਵਿਚ ਤੁਸੀ ਸਾਡਾ ਸਾਥ ਦਿਓ ਅਸੀ ਵੋਟਾਂ ਤੋਂ ਬਾਅਦ ਤੁਹਾਡੀ 1263 ਪੋਸਟਾਂ ਦੀ ਚੱਲ ਰਹੀ ਭਰਤੀ ਵਿਚ ਵਾਧਾ ਕਰਕੇ ਜਲਦੀ ਜੁਆਇਨ ਕਰਵਾਇਆ ਜਾਵੇਗਾ। ਜਿਸ ਤੋਂ ਬਾਅਦ ਉਨ੍ਹਾਂ ਦੀ ਯੂਨੀਅਨ ਵੱਲੋਂ ਬਕਾਇਦਾ ਐਲਾਨ ਕਰਕੇ ਕਾਂਗਰਸ ਸਰਕਾਰ ਦਾ ਵੋਟਾਂ ਵਿਚ ਸਹਿਯੋਗ ਕੀਤਾ ਗਿਆ ਅਤੇ ਸਟੇਜਾਂ ਤੇ ਕੈਪਨਿੰਗ ਵੀ ਕੀਤੀ ਗਈ। ਉਸ ਤੋਂ ਬਾਅਦ

ਯਾਦ ਕਰਵਾਇਆ ਤੇ ਵਰਕਰਾਂ ਨੂੰ ਦੱਸਿਆ ਕਿ ਸਾਰੇ ਜਿਲ੍ਹਿਆਂ ਦੀਆਂ ਕਮੇਟੀਆਂ ਨੂੰ ਨਾਲ ਲੈ ਕੇ ਪੰਜਾਬ ਦੀ ਸੂਬਾ ਕਮੇਟੀ 19 ਅਗਸਤ ਨੂੰ ਬਲਵੀਰ ਸਿੰਘ ਸਿੱਧੂ ਦੇ ਦਫਤਰ ਮੁਲਾਕਾਤ ਕਰਨ ਜਾ ਰਹੇ ਹਨ। ਇਸ ਮੌਕੇ ਹਰਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਪੰਕਜ, ਮਨਦੀਪ, ਜੀਵਨ, ਕੁਲਵਿੰਦਰ, ਜਗਤਾਰ, ਗਮਦੂਰ ਆਦਿ ਹਾਜ਼ਰ ਸਨ।

ਹਨ। ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਕੀਤੇ ਲਗਾਤਾਰ ਸੰਘਰਸ਼ਾਂ ਦੇ ਬਦੌਲਤ ਪਿਛਲੀ ਅਕਾਲੀ- ਭਾਜਪਾ ਸਰਕਾਰ ਨੇ ਦੀ ਪੰਜਾਬ ਐਡਹਾਕ, ਕੰਟਰੈਕਟ, ਡੇਲੀਵੇਜ, ਟੈਂਪਰੇਰੀ, ਆਊਟਸੋਰਸਿੰਗ ਅਤੇ ਇੰਪਲਾਇਜ ਵੈੱਲਫੇਅਰ ਐਕਟ 2016 ਬਣਾਇਆ ਸੀ, ਪਰ ਕੈਪਟਨ ਸਰਕਾਰ ਉਸ ਐਕਟ ਨੂੰ ਲਾਗੂ ਕਰਨ ਤੋਂ ਲਗਾਤਾਰ ਟਾਲਾ ਵੱਟਣ ਦੇ ਨਾਲ-ਨਾਲ



ਪ੍ਰੋ. ਰਾਵਿੰਦਰ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਡੀਸੀ ਅਪਨੀਤ ਰਿਆਤ ਤੇ ਹੋਰ।

# ਪ੍ਰੋ.ਰਾਵਿੰਦਰ ਸਿੰਘ ਦਾ ਕੀਤਾ ਸਨਮਾਨ

**ਪੱਤਰ ਪ੍ਰੇਰਕ, ਮਾਨਸਾ** : ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਬਹੁਮੰਤਵੀ ਖੇਡ ਸਟੇਡੀਅਮ ਵਿਖੇ 73ਵੇਂ ਸੁਤੰਤਰਤਾ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ ਮਨਾਉਣ ਮੌਕੇ ਕਾਲਜ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਸਹਾਇਕ ਪ੍ਰੋਫੈਸਰ ਰਾਵਿੰਦਰ ਸਿੰਘ ਨੂੰ ਚੰਗੀਆਂ ਸੇਵਾਵਾਂ ਨਿਭਾਉਣ ਲਈ ਸਨਮਾਨਿਤ ਕੀਤਾ ਗਿਆ। ਦੱਸਣਾ ਬਣਦਾ ਹੈ ਕਿ ਪ੍ਰੋ. ਰਾਵਿੰਦਰ ਸਿੰਘ 25 ਅਗਸਤ 2003 ਤੋਂ ਕਾਲਜ ਵਿਖੇ ਅਧਿਆਪਨ ਕਿੱਤੇ ਦੇ ਨਾਲ-ਨਾਲ ਸਹਿ ਵਿੱਦਿਅਕ ਗਤੀ-ਵਿਧੀਆਂ ਵਿਚ ਵਿਦਿਆਰਥੀਆਂ ਦੀ ਯੋਗ ਅਗਵਾਈ ਕਰ ਰਹੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਸੂਬੇ ਭਰ ਦੇ ਸਕੂਲਾਂ/ਕਾਲਜਾਂ ਵਿਚ ਚਲਾਏ ਜਾ ਰਹੇ ਬਡੀ ਪ੍ਰੋਗਰਾਮ ਦੇ ਮਾਸਟਰ ਟ੍ਰੇਨਰ-ਕਮ-ਨੋਡਲ ਅਫ਼ਸਰ (ਕਾਲਜ) ਵਜੋਂ ਉਨ੍ਹਾਂ ਦੇ ਕੰਮ ਸ਼ਲਾਘਾਯੋਗ ਹਨ। ਇਸ ਪ੍ਰੋਗਰਾਮ ਤਹਿਤ ਉਨ੍ਹਾਂ ਵੱਲੋਂ ਜ਼ਿਲ੍ਹੇ ਦੇ ਸਰਕਾਰੀ/ਪ੍ਰਾਈਵੇਟ/ ਏਡਿਡ ਅਤੇ ਕਾਂਸਟੀਚਿਊਟ ਲਗਭਗ 20 ਕਾਲਜਾਂ 'ਚ 16732 ਵਿਦਿਆਰਥੀਆਂ ਦੇ 3353 ਬਡੀ ਗਰੁੱਪ ਬਣਾਏ ਗਏ ਤੇ ਇਨ੍ਹਾਂ ਬਡੀ ਗਰੁੱਪਾਂ ਨੂੰ ਚਲਾਉਣ ਲਈ 439 ਸੀਨੀਅਰ ਬਡੀ ਨਿਯੁਕਤ ਕੀਤੇ ਗਏ। ਇਸ ਮੁਹਿੰਮ ਤਹਿਤ ਨੌਜਵਾਨ ਵਰਗ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਸੈਮੀਨਾਰ, ਲੈਕਚਰ, ਨੁੱਕੜ ਨਾਟਕ, ਚਿਤਰਕਲਾ ਮੁਕਾਬਲੇ, ਖੇਡ ਮੁਕਾਬਲੇ, ਭਾਸ਼ਣ, ਲੇਖ ਲਿਖਣ ਅਤੇ ਗਰੁੱਪ ਵਾਰਤਾਲਾਪ ਮੁਕਾਬਲੇ ਕਰਵਾਏ ਗਏ। ਐੱਨਐੱਸਐੱਸ ਵਿਭਾਗ ਦੇ ਕੋਆਰਡੀਨੇਟਰ ਵਜੋਂ ਕਿਸਾਨ ਵੀਰਾਂ ਨੂੰ ਪਰਾਲੀ ਨਾ ਸਾੜਨ ਸੰਬੰਧੀ ਜ਼ਿਲ੍ਹੇ ਦੇ ਪਿੰਡਾਂ ਵਿਚ ਜਾਗਰੂਕਤਾ ਰੈਲੀਆਂ ਕੱਢਣ ਤੋਂ ਇਲਾਵਾ ਭਾਰਤ ਸਰਕਾਰ ਦੇ ਬੇਟੀ ਬਚਾਓ, ਬੇਟੀ ਪੜ੍ਹਾਓ, ਸਵੱਛ ਭਾਰਤ ਅਭਿਆਨ, ਰਾਸ਼ਟਰੀ ਏਕਤਾ ਦਿਵਸ, ਸਖ਼ਸ਼ੀਅਤ ਵਿਕਾਸ ਵਿਸ਼ੇ ਤੇ ਸੈਮੀਨਾਰ, ਖ਼ੂਨਦਾਨ ਕੈਂਪ ਆਦਿ ਪ੍ਰੋਗਰਾਮ ਸਫਲਤਾਪੂਰਵਕ ਕਰਵਾਏ ਗਏ ਹਨ। ਕਾਲਜ ਪ੍ਰਿੰਸੀਪਲ ਜਯੋਤੀ ਪ੍ਰਕਾਸ਼ ਵੱਲੋਂ ਪ੍ਰੋ. ਰਾਵਿੰਦਰ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਨਮਾਨ ਕਾਲਜ ਦੇ ਹਿੱਸੇ ਆਉਣ ਨਾਲ ਸੰਸਥਾ ਦੇ ਮਾਣ 'ਚ ਹੋਰ ਵਾਧਾ ਹੋਇਆ ਹੈ, ਉਥੇ ਭਵਿੱਖ ਵਿਚ ਹੋਰਨਾਂ ਅਧਿਆਪਕਾਂ ਨੂੰ ਵੀ ਸਮਾਜਿਕ ਕੰਮਾਂ ਵਿਚ ਵੱਧ-ਚੜ੍ਹਕੇ ਹਿੱਸਾ ਲੈਣ ਦੀ ਪ੍ਰੇਰਣਾ ਮਿਲੇਗੀ।



# ਜਨਮ ਅਸ਼ਟਮੀ

ਸੁਰਿੰਦਰ ਲਾਲੀ, ਮਾਨਸਾ

ਸ੍ਰੀ ਸਨਾਤਨ ਧਰਮ ਸਭਾ ਮਾਨਸਾ ਵੱਲੋਂ




Photo by:Semi Mansa